# ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੋਕੇਸ਼ਨਲ ਟਰੇਨਿੰਗ ਦੇਣ ਦੀ ਸਕੀਮ (ਅਮਲੇ ਦਾ ਖਰਚਾ) ਅਤੇ ਸਕਾਲਰਸ਼ਿਪ ਆਦਿ (ਪਲਾਨ)

## ਮੰਤਵ

ਇਸ ਸਕੀਮ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆਂ ਦੇ ਗਰੀਬ ਪਰਿਵਾਰਾਂ ਦੇ ਬੇ-ਰੁਜਗਾਰ ਯੁਵਕਾਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੋਕੇਸ਼ਨਲ ਟਰੇਨਿੰਗ ਦੇ ਕੇ ਹੁਨਰਮੰਦ ਬਣਾਉਣ ਲਈ ਐਨ.ਸੀ.ਵੀ.ਟੀ. ਅਤੇ ਐਸ.ਸੀ.ਵੀ.ਟੀ. ਅਧੀਨ ਪ੍ਰਵਾਨਤ ਟਰੇਡਾਂ ਵਿੱਚ ਟਰੇਨਿੰਗ ਦੇ ਕੇ ਸਵੈ-ਰੁਜਗਾਰ ਸ਼ੁਰੂ ਕਰਨ ਅਤੇ ਪ੍ਰਾਈਵੇਟ ਸੈਕਟਰ ਵਿੱਚ ਨੌਕਰੀਆਂ ਪ੍ਰਾਪਤ ਕਰਨ ਦੇ ਯੋਗ ਬਣਾਇਆ ਜਾ ਸਕੇ।

## ਸ਼ੁਰੂ ਕਰਨ ਦਾ ਸਮਾਂ

ਇਹ ਸਕੀਮ ਸਾਲ 2008-09 ਤੋਂ ਸ਼ੁਰੂ ਕੀਤੀ ਗਈ ਹੈ।

## ਨਾੱਰਮਜ਼

ਇਹ ਸਕੀਮ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਰਾਹੀਂ ਲਾਗੂ ਕੀਤੀ ਜਾਂਦੀ ਹੈ। ਇਸ ਸਕੀਮ ਅਧੀਨ ਟਰੇਨਿੰਗ ਸਬੰਧੀ ਵਿਦਿਅਕ ਯੋਗਤਾ ਨੈਸ਼ਨਲ ਕੌਂਸਲ ਫਾਰ ਵੋਕੇਸ਼ਨਲ ਟਰੇਨਿੰਗ ਅਤੇ ਸਟੇਟ ਕੌਂਸਲ ਫਾਰ ਵੋਕੇਸ਼ਨਲ ਟਰੇਨਿੰਗ ਵਲੋਂ ਨਿਰਧਾਰਤ ਨਾਰਮਜ ਅਨੁਸਾਰ ਰੱਖੀ ਗਈ ਹੈ। ਇਸ ਸਕੀਮ ਅਧੀਨ ਕੁੱਲ 22 ਪ੍ਰਵਾਨਤ ਟਰੇਡਾਂ ਹਨ।

## ਟਰੇਨਿੰਗ ਦਾ ਸਮਾਂ

ਇਸ ਸਕੀਮ ਅਧੀਨ ਟਰੇਨਿੰਗ ਲੈਣ ਦਾ ਸਮਾਂ ਟਰੇਡ ਵਾਈਜ 1 ਸਾਲ ਅਤੇ 2 ਸਾਲ ਦਾ ਹੈ।

## ਦਾਖਾਲਾ ਲੈਣ ਦੀ ਵਿਧੀ

ਸਕੀਮ ਅਧੀਨ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਬੇਰੁਜਗਾਰ ਵਿਅਕਤੀਆਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਵਿਚ ਵੱਖ-ਵੱਖ ਟਰੇਡਾਂ ਵਿੱਚ ਟਰੇਨਿੰਗ ਲੈਣ ਲਈ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਦਾਖਲੇ ਸਬੰਧੀ ਇਸ਼ਤਿਹਾਰ ਦੇ ਕੇ ਭਲਾਈ ਵਿਭਾਗ ਅਤੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਲੋਂ ਬਣਾਈ ਗਈ ਕਮੇਟੀ ਵਲੋਂ ਚੋਣ ਕੀਤੀ ਜਾਦੀ ਹੈ। ਇੱਕ ਯੂਨਿਟ ਵਿੱਚ 20 ਸਿਖਿਆਰਥੀਆਂ ਨੂੰ ਟਰੇਨਿੰਗ ਦੇਣ ਦਾ ਟੀਚਾ ਰੱਖਿਆ ਗਿਆ ਹੈ।

## ਵਜੀਫਾ

ਟਰੇਨਿੰਗ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 750/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ ਵਜੀਫਾ ਦਿੱਤਾ ਜਾਂਦਾ ਹੈ।